੧ੴ ਸਤਿਗੁਰ ਪ੍ਰਸਾਦਿ ॥

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 8517

ਟ੍ਰੈਕਟ ਨੰ: 17

# ਵੀਚਾਰਨ ਯੋਗ ਕੁਝ ਗੱਲਾਂ (2)

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ

ਪਟਿਆਲਾ

| | | |
|---|---|---|
| ਜੁਲਾਈ ੧੯੯੫ | ਸੰਮਤ ਖਾਲਸਾ ੨੯੭ | ਦੂਜੀ ਵਾਰ ੧੫,000 |

ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਓ

# ਵੀਚਾਰਨ ਯੋਗ ਗਲਾਂ

1. ਕੀ ਸਾਡੇ ਪੁੱਤਰ, ਪੋਤਰੇ-ਪੋਤਰੀਆਂ ਵੀ ਗੁਰਸਿਖ ਹੋਣਗੀਆਂ?
2. ਕੀ ਉਹ ਗੁਰਦੁਆਰੇ ਜਾਇਆ ਕਰਨਗੇ ਅੰਤੇ ਕੀਰਤਨ-ਕਥਾ ਦਾ ਰਸ ਮਾਣ ਸਕਿਆ ਕਰਨਗੇ?
3. ਕੀ ਉਹ ਗੁਰਬਾਣੀ ਨੂੰ ਪੜ੍ਹ-ਸੁਣ ਕੇ ਗੁਰ ਆਸ਼ੇ ਨੂੰ ਸਮਝਣ ਯੋਗ ਹੋਣਗੇ? ਕੀ ਉਹ ਗੁਰ ਆਸ਼ੇ ਨੂੰ ਅਮਲ ਵਿਚ ਲਿਆਉਣ ਯੋਗ ਵੀ ਹੋ ਸਕਣਗੇ? ਵੀਚਾਰਨ ਯੋਗ ਕੁਝ ਗਲਾਂ ਹਨ।

ਅਸੀਂ ਆਪਣੇ ਬਚੇ-ਬਚੀਆਂ ਦੇ ਚੰਗੇ ਭਵਿਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਦੀ ਚੰਗੀ ਸਿਹਤ, ਚੰਗੀ ਪੜ੍ਹਾਈ-ਲਿਖਾਈ, ਚੰਗੀ ਸੁਸਾਇਟੀ ਲਈ ਕੇਵਲ ਸੋਚਦੇ ਹੀ ਨਹੀਂ ਸਗੋਂ ਯਥਾ ਸ਼ਕਤ ਅਤੇ ਕਈ ਵਾਰ ਵਿਤੋਂ ਵਧ ਵੀ ਉਦਮ ਕਰਦੇ ਰਹਿੰਦੇ ਹਾਂ। ਉਨ੍ਹਾਂ ਨੂੰ ਮਾਡਲ ਅਤੇ ਅੰਗ੍ਰੇਜ਼ੀ ਸਕੂਲਾਂ 'ਚ ਪੜ੍ਹਾਉਂਦੇ ਹਾਂ ਜੋ ਕਿ ਕਿਸੇ ਹੱਦ ਤਕ ਚੰਗੀ ਗਲ ਹੈ।

ਪਰ ਕੀ ਕਿਸੇ ਗੁਰਸਿਖ ਵੀਰ ਭੈਣ ਨੇ ਉਪਰ ਦਿਤੀਆਂ ਤਿੰਨ ਗਲਾਂ ਵਲ ਵੀ ਕਦੇ ਸੋਚਿਆ ਹੈ?

ਜੇ ਸੋਚਿਆ ਹੈ ਤਾਂ ਕੀ ਕੁਝ ਯੋਗ ਉਪਰਾਲਾ ਵੀ ਕੀਤਾ ਹੈ? ਜੇ ਨਹੀਂ ਕੀਤਾ ਤਾਂ ਅਜ ਟੀ.ਵੀ. ਵਿਚ ਦਿਖਾਈਆਂ ਜਾ ਰਹੀਆਂ ਅਤੇ ਹੋਰ ਫਿਲਮਾਂ ਦੇ ਗੰਦੇ ਗੀਤ ਅਤੇ ਸੀਨ, ਫ਼ਿਲਮੀ ਰਸਾਲੇ-ਨਾਵਲ ਅਤੇ ਹੋਰ ਫੈਸ਼ਨ-ਪ੍ਰਸਤੀ ਦੇ ਮਾਹੌਲ ਵਿਚੋਂ ਪਹਿਲਾਂ ਆਪ ਨਿਕਲਣ ਅਤੇ ਆਪੋ ਆਪਣੇ ਬਚੇ-ਬਚੀਆਂ ਨੂੰ ਕਢ ਕੇ ਉਨ੍ਹਾਂ ਵਲ ਵਿਸ਼ੇਸ਼ ਧਿਆਨ ਨਹੀਂ ਦੇਵਾਂਗੇ ਤਾਂ ਉਪਰਲੇ ਸੁਆਲਾਂ ਦਾ ਜੁਆਬ ਨਾਂਹ ਵਿਚ ਹੀ ਹੋਏਗਾ।

ਪਰ ਜੇ ਅਸੀਂ ਆਪਣੇ ਛੋਟੇ-ਛੋਟੇ, ਪਿਆਰੇ-ਪਿਆਰੇ ਬਚਿਆਂ ਨੂੰ ਸ਼ੁਰੂ ਤੋਂ ਹੀ ਉਪਰ ਦਿਤੇ ਕੁਝ ਭੈੜੇ ਸ਼ੌਕ ਲਗਣ ਤੋਂ ਪਹਿਲਾਂ ਹੀ ਅੰਗ੍ਰੇਜ਼ੀ ਜਾਂ ਹਿੰਦੀ ਪੜ੍ਹਦੇ ਬਚੇ ਬਚੀਆਂ ਨੂੰ ਗੁਰਮੁਖੀ ਪੜ੍ਹਾਉਣ, ਪੰਜਾਬੀ ਵਿਚ ਗੱਲ ਬਾਤ ਕਰਨ ਦੇ ਅਭਿਆਸ ਦੇ ਨਾਲ ਨਾਲ ਕੁਝ ਗੁਰਬਾਣੀ ਦਾ ਪਾਠ ਜ਼ਬਾਨੀ ਯਾਦ ਕਰਾਉਣ, ਗੁਰਦੁਆਰੇ ਨਾਲ ਲਿਜਾਉਣ ਦੀ ਆਦਤ ਅਤੇ ਉਥੇ ਸੁਚੱਜੇ ਢੰਗ ਨਾਲ ਬੈਠਣ ਦੀ ਜਾਂਚ ਸਿਖਾਉਣ,

ਗੁਰਇਤਿਹਾਸ, ਸਿਖ ਇਤਿਹਾਸ 'ਚੋਂ ਸਾਖੀਆਂ ਸੁਣਾਉਣ ਦੀ ਆਦਤ ਪਾਉਣ,

10-11 ਸਾਲ ਦੀ ਉਮਰ ਤਕ ਕੇਸਾਂ ਦੀ ਸੇਵਾ ਸੰਭਾਲ ਦੇ ਨਾਲ-ਨਾਲ ਦਸਤਾਰ ਸਜਾਉਣ ਦੀ ਆਦਤ ਪਾਉਣ।

ਸਿਖ ਧਰਮ ਦੇ ਮੁਢਲੇ ਜ਼ਰੂਰੀ ਸਿਧਾਂਤਾਂ ਦੀ ਜਾਣਕਾਰੀ ਨਾਲੋਂ ਨਾਲ ਦੇਣ-ਦਿਵਾਉਣ ਦੇ ਉਪਰਾਲੇ ਨਾਲ ਕਿਸੇ ਪ੍ਰਕਾਰ ਦੀ ਚਿੰਤਾਂ ਨਹੀਂ ਰਹਿ ਜਾਏਗੀ।

ਇਸ ਤਰ੍ਹਾਂ ਸਾਡਾ ਬੱਚਾ ਗੁਰੂ ਕਿਰਪਾ ਨਾਲ, ਚੰਗਾ ਗੁਰਸਿਖ, ਸਾਬਤ-ਸੂਰਤ, ਦਲੇਰ ਅਤੇ ਗੁਰੂ ਦੀ ਭੈ-ਭਾਵਨੀ ਵਿਚ ਰਹਿਣ ਵਾਲਾ ਜਿਥੇ ਹੋਏਗਾ ਉਥੇ ਮਾਤਾ ਪਿਤਾ ਦਾ ਵੀ ਆਗਿਆਕਾਰੀ ਅਤੇ ਸੇਵਾਦਾਰ ਵੀ ਹੋਏਗਾ।

ਇਸ ਲਈ ਸਾਨੂੰ ਸਭ ਨੂੰ ਆਪਣੇ ਬਚੇ ਬਚੀਆਂ ਨੂੰ ਸ਼ੁਰੂ ਤੋਂ ਹੀ ਗੁਰਸਿਖੀ ਨਾਲ ਜੋੜੀ ਰਖਣ ਲਈ ਉਚੇਚੇ ਯੋਗ ਉਪਰਾਲੇ ਸਾਧਨ ਅਪਣਾਈ ਰਖਣੇ ਚਾਹੀਦੇ ਹਨ ਤਾਂ ਜੋ ਮਗਰੋਂ ਪਛਤਾਉਣਾ ਨਾਂਹ ਪਵੇ।

## ਦੂਜੀ

ਗੁਰਦੁਆਰਾ ਇਟਾਂ-ਸੀਮਿੰਟ ਜਾਂ ਲੋਹੇ-ਲਕੜ ਦੀ ਬਣੀ ਹੋਈ ਬਿਲਡਿੰਗ ਦਾ ਨਾਂ ਨਹੀਂ ਹੁੰਦਾ ਸਗੋਂ ਉਸ ਅਸਥਾਨ ਦਾ ਨਾਂ ਗੁਰਦੁਆਰਾ ਹੁੰਦਾ ਹੈ ਜਿਥੋਂ ਗੁਰੂ ਦਾ ਉਪਦੇਸ਼, ਗੁਰੂ ਦੀ ਸਿਖਿਆ

ਇਕ ਚਸ਼ਮੇ ਵਾਂਗ ਲਗਾਤਾਰ ਫੁਟ-ਫੁਟ ਕੇ ਨਿਕਲੇ। ਇਹ ਸਿਖਿਆ, ਇਹ ਉਪਦੇਸ਼ ਆਪਣੇ ਅਤੇ ਬਿਗਾਨੇ (ਉਪਦੇਸ਼ ਚਹੁੰ ਵਰਨਾਂ ਕਉ ਸਾਝਾਂ ਹੋਣ ਕਾਰਨ) ਸਭ ਦੇ ਹਿਰਦਿਆਂ ਨੂੰ ਜਿਥੇ ਠੰਡ ਪਹੁੰਚਾਉਣ ਵਾਲਾ ਹੋਵੇ ਉਥੇ ਉਦਾਸ ਅਤੇ ਮੁਰਝਾਈਆਂ ਹੋਈਆਂ ਰੂਹਾਂ ਨੂੰ ਹਰਾ-ਭਰਾ ਕਰਨ ਵਾਲਾ ਵੀ ਹੋਵੇ।

ਪਰ ਅਫਸੋਸ! ਸਾਡੇ ਅਣਜਾਣ ਆਸਤਕਾਂ ਨੇ ਕਈ ਗਲਤ ਗਲਾਂ ਉਤੇ ਜ਼ੋਰ ਦੇ-ਦੇ ਕੇ ਧਰਮ ਦੀਆਂ ਅਸਲ ਖੂਬੀਆਂ ਨੂੰ ਵੀ ਪਿਛੇ ਪਾ ਦਿਤਾ ਹੈ। ਜਿਵੇਂ ਗੁਰਦੂਆਰੇ ਦੀ ਇਮਾਰਤ ਨੂੰ ਗੁਰੂ ਦੇ ਉਪਦੇਸ਼ਾਂ ਨਾਲੋਂ ਵਧ ਮਹਾਨਤਾ ਅਤੇ ਸਤਿਕਾਰ ਦੇ ਦੇਣਾ ਆਦਿ - - - ।

ਇਸ ਤਰਾਂ ਕਰਨਾ ਇਕ ਤਰਾਂ ਗੁਰੂ ਅਤੇ ਗੁਰੂ ਦੇ ਉਪਦੇਸ਼ਾਂ ਦੀ ਨਿਰਾਦਰੀ ਕਰਨ ਦੇ ਬਰਾਬਰ ਹੈ।

ਇਹ ਤਾਂ ਅਸੀਂ ਮੰਨਦੇ ਹਾਂ ਕਿ ਗੁਰਦੂਆਰੇ ਬਣਾਉਣ ਲਈ ਮਾਇਆ ਦੇਣ ਵਾਲਿਆਂ ਦੇ ਦਿਲਾਂ ਵਿਚ ਜ਼ਿਆਦਾਤਰ ਇਜ਼ਤ ਤਾਂ ਗੁਰੂ ਦੇ ਉਪਦੇਸ਼ਾਂ ਦੀ ਹੀ ਹੁੰਦੀ ਹੈ ਪਰ ਗੁਰਦੂਆਰਾ ਬਣ ਜਾਣ ਮਗਰੋਂ ਆਮ ਕਰਕੇ ਇਹ ਗਲ ਉਲਟੀ ਹੋ ਜਾਂਦੀ ਹੈ। ਭਾਵ ਗੁਰੂ ਦੇ ਉਪਦੇਸ਼ ਦੀ ਮਹਾਨਤਾ ਦੀ ਥਾਂ ਗੁਰਦੂਆਰੇ ਦੀ ਬਿਲਡਿੰਗ ਦੀ ਮਹਾਨਤਾ ਵਧ ਜਾਂਦੀ ਹੈ।

ਗੁਰਦੂਆਰਿਆਂ ਲਈ ਦਾਨ ਦੇਣ ਵਾਲੇ ਅਸੀਂ 99% ਲੋਕ ਐਸੇ ਹਾਂ ਜੋ ਸੋਚਦੇ ਹੀ ਨਹੀਂ ਕਿ ਇਸ ਗੁਰਦੂਆਰੇ ਦੀ ਬਿਲਡਿੰਗ ਬਣਨ ਮਗਰੋਂ ਇਥੇ ਹੋਏਗਾ ਕੀ?

ਦਾਨ ਦੇਣ ਲਗਿਆਂ ਸਾਨੂੰ ਜ਼ਰੂਰ ਸੋਚ ਲੈਣਾ ਚਾਹੀਦਾ ਹੈ ਕਿ ਗੁਰੂ ਦੇ ਉਪਦੇਸ਼ ਦਾ ਪ੍ਰਚਾਰ ਗੁਰਦੂਆਰੇ ਦੀ ਬਿਲਡਿੰਗ ਬਣਨ ਮਗਰੋਂ ਕਿਵੇਂ ਸ਼ੁਰੂ ਹੋ ਸਕੇਗਾ ਅਤੇ ਕਿਵੇਂ ਜਾਰੀ ਰਹਿ ਸਕੇਗਾ? ਇਸ ਬਾਰੇ ਪੂਰੀ ਤਸੱਲੀ ਅਤੇ ਦੂਰ ਦ੍ਰਿਸ਼ਟੀ ਨਾਲ ਵੀਚਾਰ ਕਰਨ ਮਗਰੋਂ ਹੀ ਦਾਨ ਦੇਣਾ ਚਾਹੀਦਾ ਹੈ।

ਗੁਰਦੁਆਰਾ ਭਾਵੇਂ ਕਿਤਨਾ ਸ਼ਾਨਦਾਰ ਬਣਿਆ ਹੋਵੇ, ਜੇਕਰ ਉਸ ਤੋਂ ਅਸਲ ਅਰਥਾਂ ਵਿਚ ਸਹੀ ਮਹਿਨਿਆਂ ਵਿਚ ਗੁਰ ਉਪਦੇਸ਼ ਦਾ ਪ੍ਰਚਾਰ ਨਹੀਂ ਉਪਜਦਾ ਅਤੇ ਸੰਗਤਾਂ ਨੂੰ ਠੰਡ ਨਹੀਂ ਪਹੁੰਚਦੀ ਤਾਂ ਉਸ ਦਾ ਕੀ ਲਾਭ?

ਅੱਜ ਸਾਨੂੰ ਗੁਰੂ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨ ਵਾਸਤੇ ਉਨਾਂ ਇਮਾਰਤਾਂ ਨਾਲੋਂ ਉਨਾਂ ਪੁਰਸ਼ਾਂ ਦੀ ਕਿਤੇ ਵਧ ਲੋੜ ਹੈ ਜੋ ਠੀਕ ਪ੍ਰਚਾਰ ਕਰਨ ਯੋਗ ਹੋਣ। ਕਿਉਂਕਿ ਗੁਰ ਉਪਦੇਸ਼ ਦਾ ਪ੍ਰਚਾਰ ਬਿਲਡਿੰਗਾਂ ਨੇ ਨਹੀਂ ਸਗੋਂ ਗੁਰੂ ਉਪਦੇਸ਼ ਨੂੰ ਸਮਝ ਕੇ ਉਨਾਂ ਨੂੰ ਕਮਾਉਣ ਵਾਲੇ ਪੁਰਸ਼ ਹੀ ਕਰ ਸਕਦੇ ਹਨ।

ਦੀਰਘ ਵੀਚਾਰ ਕਰਨ ਤੋਂ ਪਤਾ ਲਗਦਾ ਹੈ ਕਿ ਪ੍ਰਚਾਰ ਅਸਥਾਨਾਂ ਨਾਲੋਂ ਪਰਚਾਰ ਕਰਨ ਵਾਲਿਆਂ ਦੀ ਸ਼ਖਸੀਅਤ ਉਤੇ ਪ੍ਰਚਾਰ ਜ਼ਿਆਦਾ ਨਿਰਭਰ ਹੁੰਦਾ ਹੈ। ਇਸ ਲਈ ਪ੍ਰਚਾਰ ਨੂੰ ਜੀਉਂਦਾ ਜਾਗਦਾ ਰਖਣ ਲਈ ਅਤੇ ਪ੍ਰਫੁਲਤ ਰਖਣ ਲਈ ਬੇਜਾਨ ਇਟਾਂ ਦੀਆਂ ਬਿਲਡਿੰਗਾਂ ਨਾਲੋਂ ਜੀਉਂਦੇ ਜਾਗਦੇ ਪ੍ਰਚਾਰ ਕਰਨ ਵਾਲੇ ਯੋਗ ਪੁਰਸ਼ਾਂ ਦੀ ਲੋੜ ਬਹੁਤ ਜ਼ਰੂਰੀ ਹੈ।

ਗੁਰ ਉਪਦੇਸ਼ ਨੂੰ ਸਮਝਣ-ਕਮਾਉਣ ਅਤੇ ਵਰਣਨ ਕਰ ਸਕਣ ਵਾਲਾ ਇਕ ਗੁਰਸਿਖ, ਇਕ ਦਰਖਤ ਹੇਠਾਂ ਬੈਠ ਕੇ ਗੁਰੂ ਘਰ ਦੀ ਉਹ ਸੇਵਾ ਕਰ ਸਕਦਾ ਹੈ ਜੋ ਲਖ਼ਾਂ ਕਰੋੜਾਂ ਰੁਪਏ ਲਗਾ ਕੇ ਬਣਾਈਆਂ ਗੁਰਦੁਆਰਿਆਂ ਦੀਆਂ ਬਿਲਡਿੰਗਾਂ ਨਹੀਂ ਕਰ ਸਕਦੀਆਂ।

ਸੁੰਦਰ ਆਲੀਸ਼ਾਨ ਗੁਰਦੁਆਰਿਆਂ ਦੇ ਅੰਦਰ ਆਮ ਤੌਰ ਤੇ ਜਦ ਐਸੇ ਗ੍ਰੰਥੀ ਵੇਖੇ ਜਾਂਦੇ ਹਨ ਜਿਨਾਂ ਵਿਚ ਆਤਮਕ ਗੱਲਾਂ ਆਮ ਸਮਝਣ ਅਤੇ ਹੋਰਨਾਂ ਨੂੰ ਸਮਝਾਉਣ ਦੀ ਸ਼ਕਤੀ ਤਾਂ ਇਕ ਪਾਸੇ ਰਹੀ, ਸਾਧਾਰਨ ਚੀਜ਼ਾਂ ਦਾ ਵੀ ਗਿਆਨ ਨਹੀ ਹੁੰਦਾ, ਤਾਂ ਵੇਖ ਕੇ ਦਿਲੋਂ 'ਦੁਖੀ ਹੋਈਦਾ' ਹੈ, ਕਈ ਵਾਰ ਰੋਣਾ ਵੀ ਆਉਂਦਾ ਹੈ। ਕਾਸ਼! ਸਿਖ ਕੌਮ ਕੋਲ ਗੁਰਦੁਆਰੇ ਬਣਾਉਣ ਦੇ

ਸ਼ੌਂਕ ਨਾਲੋਂ ਵਿਦਵਾਨ ਗ੍ਰੰਥੀ ਪੈਦਾ ਕਰਨ ਦਾ ਵਧੇਰੇ ਧਿਆਨ ਹੁੰਦਾ। ਦੁਖ ਨਾਲ ਲਿਖਣਾ ਪੈ ਰਿਹਾ ਹੈ ਕਿ ਅਜ ਗੁਰਦੁਆਰੇ ਵਿਚ ਉਹੋ ਗ੍ਰੰਥੀ ਰਹਿ ਸਕਦਾ ਹੈ ਜਿਸ ਨੂੰ ਆਪਣੇ ਗੁਰਦੁਆਰੇ ਦੇ ਪ੍ਰਬੰਧਕਾਂ ਦਾ ਪਖ ਪੂਰਨ ਦੀ ਜਾਂਚ ਆਉਂਦੀ ਹੋਵੇ। ਮੁਖੀ ਪ੍ਰਬੰਧਕਾਂ ਦੀਆਂ ਝੂਠੀਆਂ ਸਿਫਤਾਂ ਕਰਨ ਦਾ ਢੰਗ ਆਉਂਦਾ ਹੋਵੇ। ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦੀ ਤਨਖਾਹ ਉਸਦੇ ਆਤਮਕਾਂ ਗੁਣਾਂ ਕਰਕੇ ਜਾਂ ਧਰਮ ਪ੍ਰਚਾਰ ਕਰਕੇ ਨਹੀਂ ਵਧਣੀ, ਸਗੋਂ ਪ੍ਰਬੰਧਕ ਜਾਂ ਪਾਰਟੀ ਦੇ ਪ੍ਰਚਾਰ ਕਰ ਕੇ ਹੀ ਵਧਣੀ ਹੈ। ਇਸੇ ਲਈ ਉਸ ਦੀ ਸੁਰਤ, ਉਸ ਦਾ ਧਿਆਨ, ਬਜਾਏ ਧਰਮ ਪ੍ਰਚਾਰ ਦੇ ਪਾਰਟੀ ਵਿਚ ਲਗਦਾ ਹੈ, ਜਿਸ ਦਾ ਨਤੀਜਾ ਸੰਗਤਾਂ ਵਿਚ ਸ਼ਾਂਤੀ, ਗਿਆਨ ਦੀ ਸੋਝੀ ਅਤੇ ਪ੍ਰੇਮ ਪਿਆਰ ਪੈਦਾ ਹੋਣ ਦੀ ਥਾਂ ਫੁਟ, ਈਰਖਾ ਤੇ ਨਫ਼ਰਤ ਕਾਰਨ ਅਸ਼ਾਂਤੀ ਪੈਦਾ ਹੁੰਦੀ ਹੈ ਅਤੇ ਵਧਦੀ ਹੈ।

ਵੀਚਾਰੀਏ! ਇਸਤਰਾਂ ਇਹ ਗੁਰਦੁਆਰੇ ਕੀ ਸਾਡੇ ਲਈ ਧਾਰਮਕ ਗਿਰਾਵਟ ਦਾ ਕਾਰਨ ਤਾਂ ਨਹੀਂ ਬਣ ਰਹੇ?

ਗੁਰਦੁਆਰਿਆਂ ਦਾ ਉਸੇ ਹਾਲਤ ਵਿਚ ਹੀ ਠੀਕ ਅਤੇ ਜ਼ਰੂਰੀ ਸਮਝਿਆ ਜਾਣਾ ਚਾਹੀਦਾ ਹੈ ਜੇ ਕਰ ਇਨ੍ਹਾਂ ਤੋਂ ਗੁਰੂ ਉਪਦੇਸ਼, ਨਿਰਭੈ ਅਤੇ ਨਿਰਵੈਰ ਪੁਰਸ਼ਾਂ ਦੇ ਰਾਹੀਂ ਜਗਤ-ਜਲੰਦੇ ਤਕ ਪੁਜ ਸਕੇ। ਨਹੀਂ ਤਾਂ ਗੁਰਦੁਆਰੇ ਅਤੇ ਇਨਾਂ ਦੀਆਂ ਜਾਇਦਾਦਾਂ ਸਹੀ ਅਰਥਾਂ ਵਿਚ ਗੁਰਸਿਖੀ ਦੇ ਪ੍ਰਚਾਰ ਵਿਚ ਰੁਕਾਵਟ ਹਨ।

ਕੀ ਸਿਖ ਕੌਮ ਕੋਲ ਇਸ ਵੇਲੇ ਇਕ ਵੀ ਐਸੀ ਭਰੋਸੇ ਯੋਗ ਸੰਸਥਾ ਹੈ ਜਿਥੇ ਕੁਝ ਸਾਲਾਂ ਦੀ ਟ੍ਰੇਨਿੰਗ ਦੇ ਕੇ 100-50 ਗ੍ਰੰਥੀ ਜਾਂ ਪ੍ਰਚਾਰਕ ਹਰ ਸਾਲ ਤਿਆਰ ਕੀਤੇ ਜਾਂਦੇ ਹੋਣ?

ਅਸੀਂ ਗ੍ਰੰਥੀ ਸਿੰਘ ਨੂੰ ਗੁਰੂ ਮਹਾਰਾਜ ਦਾ ਵਜੀਰ ਕਹਿੰਦੇ ਹਾਂ। ਕੀ ਸਿਖ ਕੌਮ ਕੋਲ ਇਸ ਵੇਲੇ ਇਕ ਵੀ ਐਸੀ ਸਕੀਮ ਹੈ ਜਿਸ ਅਨੁਸਾਰ ਕੌਮ ਦੇ ਹੋਣਹਾਰ ਵਿਦਿਆਰਥੀਆਂ ਨੂੰ ਇਸ

ਉਚੀ ਪਦਵੀ ਲਈ ਪ੍ਰੇਰ ਕੇ ਤਿਆਰ ਕੀਤਾ ਜਾਵੇ ਅਤੇ ਮਗਰੋਂ ਉਨ੍ਹਾਂ ਨੂੰ ਯੋਗ ਅਤੇ ਲੋੜੀਂਦੀਆਂ ਸਹੂਲਤਾਂ ਦੇ ਕੇ ਯੋਗ ਥਾਵਾਂ ਤੇ ਨੀਯਤ ਕਰਨ ਦੀ ਯੋਜਨਾ-ਬਦ ਅਤੇ ਭਰੋਸੇਯੋਗ ਸਕੀਮ ਹੋਵੇ?

ਲਖਾਂ ਰੁਪਏ ਖਰਚ ਕੇ ਗੁਰਦੁਆਰੇ ਬਣਾਉਣੇ ਪਰ ਉਨ੍ਹਾਂ ਵਿਚ ਗ੍ਰੰਥੀ ਸਿੰਘ ਉਹ ਰਖਣੇ ਜਿਹੜੇ ਦੁਨੀਆਂ ਦੇ ਸਭ ਪਾਸਿਉਂ ਅਸਫਲ ਹੋ ਚੁੱਕੇ ਹੋਣ ਜਾਂ ਜਿਨ੍ਹਾਂ ਨੂੰ ਹੋਰ ਕਿਸੀ ਤਰਾਂ ਰੋਟੀ ਕਮਾ ਕੇ ਖਾਣ ਦਾ ਤਰੀਕਾ ਨ ਆਉਂਦਾ ਹੋਵੇ ਅਤੇ ਜਿਨ੍ਹਾਂ ਨੂੰ ਸਫਾਈ-ਈਮਾਨਦਾਰੀ ਅਤੇ ਸੱਚ ਬੋਲਣ ਆਦਿ ਸਾਧਾਰਣ ਗੁਣਾਂ ਦੀ ਵੀ ਸੋਝੀ ਨਾਂਹ ਹੋਵੇ, ਕੀ ਗੁਰਦੁਆਰਿਆਂ ਉਪਰ ਲਾਈਆਂ ਲੱਖਾਂ-ਕਰੋੜਾਂ ਰਕਮਾਂ ਉਤੇ ਪਾਣੀ ਫੇਰਨਾ ਜਾਂ ਬੇਅਰਥ ਬਣਾਉਣਾ ਨਹੀਂ?

ਵੀਚਾਰਨ ਯੋਗ ਗਲ ਹੈ!

## ਤੀਜੀ

ਮਥਾ ਟੇਕਣਾ—ਗੁਰੂ ਕੇ ਸਿਖ ਲਈ ਜਦ ਮਥਾ ਟੇਕਣ ਦਾ ਸਤਿਕਾਰ ਕੇਵਲ ਅਤੇ ਕੇਵਲ ਆਪਣੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਹੀ ਰਾਖਵਾਂ ਹੈ ਤਾਂ ਫਿਰ ਉਹ ਆਪਣੇ ਗੁਰੂ ਦੇ ਸਾਹਮਣੇ ਜਾਂ ਅਗੇ ਪਿਛੇ ਕਿਸੇ ਹੋਰ ਵਿਅਕਤੀ ਨੂੰ ਮਥਾ ਕਿਉਂ ਟੇਕੇ?

ਸਿਖ ਵਿਧਾਨ ਅਨੁਸਾਰ ਸਾਨੂੰ ਇਕ ਦੂਜੇ ਨੂੰ ਮਿਲਣ ਸਮੇਂ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ" ਬੁਲਾਉਣ ਦਾ ਹੁਕਮ ਹੈ! ਨਾ ਕਿ ਮਥਾ ਟੇਕਣ ਦਾ।

ਇਸ ਲਈ ਗੁਰੂ ਕੇ ਸਿਖ ਅਖਵਾਉਣ ਵਾਲਿਆਂ ਨੂੰ ਇਸ ਵਿਧਾਨ ਅਨੁਸਾਰ ਹੀ ਚਲਣਾ ਚਾਹੀਦਾ ਹੇ ਅਤੇ ਕਿਸੇ ਵੀ ਵਿਅਕਤੀ ਨੂੰ ਮਥਾ ਨਹੀਂ ਟੇਕਣਾ ਚਾਹੀਦਾ, ਭਾਵੇਂ ਉਹ ਕਿਤਨਾ ਹੀ ਵਡਾ ਕਿਉਂ ਨਾ ਹੋਵੇ। ਕਿਉਂਕਿ ਗੁਰੂ ਸਾਹਿਬ ਦੇ ਬਰਾਬਰ ਹੋਰ ਕੋਈ ਨਹੀਂ ਹੋ ਸਕਦਾ।

ਗੁਰੂ ਦਰਸਾਏ ਰਾਹ ਉਤੇ ਆਪ ਤੁਰਨ ਅਤੇ ਹੋਰਨਾਂ ਨੂੰ ਤੋਰਨ-ਤੁਰਾਉਣ ਵਾਲਿਆਂ ਦਾ ਸਤਿਕਾਰ ਵਧ ਤੋਂ ਵਧ ਕਰਨਾ

ਬੜਾ ਜ਼ਰੂਰੀ ਹੈ ਪਰ ਕੀ ਉਹ ਸਤਿਕਾਰ ਗੁਰੂ ਦੇ ਸਤਿਕਾਰ ਬਰਾਬਰ ਹੋਣਾ ਚਾਹੀਦਾ ਹੈ? ਵੀਚਾਰਨ ਯੋਗ ਗਲ ਹੈ। ***ਵੈਸੇ-ਉਹ ਸਿਰ ਹੀ ਕੀ ਹੋਇਆ ਜੋ ਥਾਂ ਥਾਂ ਝੁਕਦਾ ਜਾਏ।***

## ਚੌਥੀ

ਕਈ ਲੋਕਾਂ ਨੇ ਅਣਜਾਣਪੁਣੇ ਵਿਚ ਜਾਂ ਦੇਖਾ ਦੇਖੀ, ਵਖ ਵਖ ਗੁਰੂ ਸਾਹਿਬਾਨ ਦੇ ਨਾਵਾਂ ਉਤੇ ਵਪਾਰਕ ਧੰਦੇ ਖੋਹਲੇ ਹੋਏ ਹਨ।

ਗੁਰੂ ਸਾਹਿਬਾਨ ਮਹਾਨ-ਪਵਿਤ੍ਰ ਅਤੇ ਮਹਾਨ ਆਦਰ ਯੋਗ, ਵਿਅਕਤੀ ਸਨ। ਇਨਾਂ ਦੇ ਪਵਿਤ੍ਰ ਨਾਵਾਂ ਨੂੰ ਮਾਇਆ ਦੇ ਵਪਾਰ ਕਰਨ ਵਾਲੀਆਂ ਸੰਸ੍ਥਾਵਾਂ ਜਾਂ ਦੁਕਾਨਾਂ ਨਾਲ ਕਦੀ ਨਹੀਂ ਜੋੜਨਾ ਚਾਹੀਦਾ। ਕਿਉਂਕਿ ਵਪਾਰਕ ਧੰਦਿਆ ਵਿਚ ਬਹੁਤੀ ਵਾਰੀ ਝੂਠ ਚਾਲਾਕੀ ਤੇ ਹੋਰ ਕਈ ਤਰੀਕਿਆਂ ਨਾਲ ਹੇਰਾ-ਫੇਰੀ ਆਮ ਕੀਤੀ-ਕਰਾਈ ਜਾਂਦੀ ਹੈ। ਇਸ ਤਰਾਂ ਇਨਾਂ ਮਹਾਨ ਹਸਤੀਆਂ ਦੇ ਸਤਿਕਾਰ ਨੂੰ ਠੇਸ ਪਹੁੰਚਾਉਣ ਦਾ ਦੋਸ਼ ਉਸ ਵਿਅਕਤੀ ਜਾਂ ਸੰਸਥਾ ਦੇ ਸਿਰ ਆਉਂਦਾ ਹੈ ਜੋ ਉਨਾਂ ਦੇ ਪਵਿਤ੍ਰ ਨਾਂ ਨੂੰ ਇਸ ਤਰਾਂ ਵਰਤਦਾ ਹੈ।

ਸ਼ੁਰੂ-ਸ਼ੁਰੂ ਵਿਚ ਇਕ ਵਾਰ ਅਮਰੀਕਨ ਸਿੰਘ ਬੀਬੀਆਂ ਦਾ ਇਕ ਜਥਾ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ-ਦਰਬਾਰ ਸਾਹਿਬ ਵਿਚ ਉਨ੍ਹਾਂ ਨੂੰ ਗੁਰੂ ਨਾਨਕ ਨਿਵਾਸ, ਗੁਰੂ ਰਾਮਦਾਸ ਸਰਾਂ, ਗੁਰੂ ਕਾ ਲੰਗਰ ਆਦਿ ਨਾਵਾਂ ਬਾਰੇ ਪੁਛਣ ਤੇ ਉਨਾਂ ਨੂੰ ਦੱਸਿਆ ਗਿਆ ਕਿ ਇਹ ਗੁਰੂ ਸਾਹਿਬਾਨ ਦੇ ਨਾਵਾਂ ਨਾਲ ਚਲ ਰਹੀਆਂ ਸੰਸਥਾਵਾਂ ਸੰਗਤਾਂ ਦੀ ਸੇਵਾ ਨੂੰ ਮੁਖ ਰਖ ਕੇ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਲੋੜੀਂਦੀ ਸੇਵਾ ਉਥੇ ਮੁਫਤ ਹੀ ਹੁੰਦੀ ਹੈ।

ਦੂਜੇ ਤੀਜੇ ਦਿਨ ਉਹੋ ਅਮਰੀਕਨ ਸਿੰਘਾਂ ਬੀਬੀਆਂ ਦੇ ਜਥੇ ਨੇ ਬਾਜ਼ਾਰਾਂ ਵਿਚ ਕਈ ਦੁਕਾਨਾਂ ਉਤੇ ਜਦ ਗੁਰੂ ਸਾਹਿਬਾਨ ਦੇ ਨਾਵਾਂ ਵਾਲੇ ਲਗੇ ਬੋਰਡਾਂ ਨੂੰ ਵੇਖਿਆ ਤਾਂ ਹੈਰਾਨੀ ਨਾਲ ਪੁਛਣ ਲਗੇ ਕਿ :–

*ਗੁਰੂ ਨਾਨਕ ਘੀ ਸਟੋਰ*
*ਗੁਰੂ ਰਾਮਦਾਸ ਕੈਮਿਸਟਸ*
*ਗੁਰੂ ਤੇਗ ਬਹਾਦਰ ਬੈਂਡ*
*ਗੁਰੂ ਗੋਬਿੰਦ ਸਿੰਘ ਝਟਕਾ ਸ਼ਾਪ*
*ਗੁਰੂ ਨਾਨਕ ਟੀ ਸਟਾਲ*

ਅਤੇ ਇਸ ਤਰਾਂ ਦੇ ਹੋਰ ਕਈ ਲੋਕ ਜੋ ਵਪਾਰ ਵਿਚ ਝੂਠ ਚਲਾਕੀ ਦੀ ਆਪ ਵਰਤੋਂ ਕਰਨ ਵਾਲੇ, ਗੁਰੂ ਦੇ ਪਵਿਤ੍ਰ ਨਾਵਾਂ ਨੂੰ ਆਪਣੇ ਵਪਾਰਕ ਧੰਦਿਆਂ ਨਾਲ ਕਿਉਂ ਜੋੜ ਰਹੇ ਹਨ?

ਵੀਚਾਰਨ ਯੋਗ ਇਹ ਗੱਲ ਸੁਣ ਕੇ ਸੁਣਨ ਵਾਲਿਆਂ ਦੀਆਂ ਅਖਾਂ ਨੀਵੀਆਂ ਪੈ ਗਈਆਂ ਅਤੇ ਸਿਰ ਸ਼ਰਮਸਾਰੀ ਨਾਲ ਝੁਕ ਗਏ।

## ਪੰਜਵੀਂ

ਅਸੀਂ ਸਾਰੇ ਗੁਰੂ ਕੇ ਸਿਖ ਅਖਵਾਉਣ ਵਾਲੇ ਦਸ ਗੁਰੂ ਸਾਹਿਬਾਨ ਅੰਦਰ ਇਕ ਜੋਤ ਹੀ ਕੰਮ ਕਰਦੀ ਮੰਨਦੇ ਹਾਂ, ਇਸ ਪਰਥਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ :–

*ਜੋਤਿ ਓਹਾ, ਜੁਗਤਿ ਸਾਇ,*
*ਸਹਿ ਕਾਇਆ ਫੇਰ ਪਲਟੀਐ ॥*

ਅਤੇ *ਨਾਨਕ ਤੂੰ, ਲਹਣਾ ਤੂ ਹੈ,*
*ਗੁਰੂ ਅਮਰ ਤੂੰ ਵੀਚਾਰਿਆ*
*ਗੁਰੁ ਡਿਠਾ, ਤਾ ਮਨ ਸਾਧਾਰਿਆ"*

ਅਤੇ ਦਸਮੇਸ਼ ਪਿਤਾ ਜੀ ਦੇ ਕਥਨ ਅਨੁਸਾਰ :–

*ਸ੍ਰੀ ਨਾਨਕ ਅੰਗਦ ਕਰ ਮਾਨਾ,*
*ਅਮਰਦਾਸ ਅੰਗਦ ਪਹਿਚਾਨਾ,*
*ਅਮਰਦਾਸ ਰਾਮਦਾਸ ਕਹਾਯੋ,*
*ਸਾਧੁਨ ਲਖਾ, ਮੂੜ ਨਹਿ ਪਾਯੋ,*
*ਭਿੰਨ ਭਿੰਨ ਸਭਹੂੰ ਕਰ ਜਾਨਾਂ,*

*ਏਕ ਰੂਪ ਕਿਨਹੂੰ ਪਹਿਚਾਨਾ,*
*ਰਾਮਦਾਸ ਹਰਿ ਸੌਂ ਮਿਲ ਗਯੇ,*
*ਗੁਰਤਾ ਦੇਤ ਅਰਜਨਹ ਭਯੇ,* (ਬਚਿਤ੍ਰ ਨਾਟਕ)

ਗੁਰਬਾਣੀ ਦੀਆਂ ਉਪਰਲੀਆਂ ਪੰਗਤੀਆਂ ਦੇ ਆਧਾਰ ਤੇ ਹੀ ਅਸੀਂ ਸਾਰੇ ਦਸਾਂ ਪਾਤਸ਼ਾਹੀਆਂ ਨੂੰ ਜਿਥੇ ਇਕੋ ਜੋਤ ਮੰਨਦੇ ਹਾ ਉਥੇ ਅਜ ਕਲ ਦੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਪਾਤਸ਼ਾਹੀਆਂ ਦੀ ਜੋਤ ਕਹਿੰਦੇ ਵੀ ਹਾਂ ਅਤੇ ਮੰਨਦੇ ਵੀ ਹਾਂ।

ਜੁਗੋ-ਜੁਗ ਅੱਟਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਨਵੀਂ ਪਿਰਤ ਚਲ ਪਈ ਹੈ ਜਿਸ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਪ੍ਰਤਖ ਗੁਰੂ ਦੇ ਹੁੰਦਿਆਂ ਅਤੇ ਉਸ ਦੇ ਸਨਮੁਖ ਇਕ ਥਾਂ ਕਿਸੇ ਇਕ ਗੁਰ ਵਿਅਕਤੀ ਨੂੰ ਉਚੇਚਾ ਆਦਰ ਭੇਂਟ ਕਰਦਿਆਂ ਵਖਰਾ ਦੋਹਰਾ ਪੜ੍ਹਿਆ ਜਾਣਾ ਅਤੇ ਦੂਜੀ ਥਾ ਕਿਸੇ ਹੋਰ ਗੁਰੂ ਵਿਅਕਤੀ ਸਬੰਧੀ ਉਚੇਚਾ ਆਦਰ ਭੇਟ ਕਰਦਿਆਂ, ਉਸ ਨਾਲ ਸੰਬੰਧਤ ਕੋਈ ਹੋਰ ਦੋਹਰਾ ਪੜ੍ਹਨਾ ਜਿਵੇਂ :– ਦਿਲੀ ਦੇ ਗੁਰਦੁਆਰਾ ਸੀਸ ਗੰਜ ਵਿਚ :–

*ਤੇਗ ਬਹਾਦਰ ਕੇ ਚਲਿਤ ਭਇਉ ਜਗਤ ਕੋ ਸ਼ੋਕ*
*ਹੈ ! ਹੈ ! ਹੈ ! ਸਭ ਜਗ ਭਇਓ,*
*ਜੈ ! ਜੈ ! ਜੈ ਸੁਰ ਲੋਕ।*

ਗੁਰਦੁਆਰਾ ਮੋਤੀ ਬਾਗ਼ ਦਿਲੀ ਵਿਚ :–

*ਖੰਡਾ ਜਾਂ ਕੇ ਹਾਥ ਮੈ ਕਲਗੀ ਸੋਹੈ ਸੀਸ*
*ਸੋ ਹਮਰੀ ਰਖਿਆ ਕਰੇ ਕਲਗੀਧਰ ਜਗਦੀਸ਼,*

ਇਸੇ ਤਰਾਂ ਗੁਰਦੁਆਰਾ ਬੰਗਲਾ ਸਾਹਿਬ ਵਿਚ ;–

*ਸ੍ਰੀ ਹਰਿ ਕ੍ਰਿਸ਼ਨ ਧਿਆਈਐ*
*ਜਿਸ ਡਿਠੈ ਸਭ ਦੁਖ ਜਾਏ*

ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਗੁਰੂ ਰਾਮਦਾਸ ਜੀ ਬਾਰੇ ਉਚੇਚੇ ਸੋਢੀ ਪਾਤਸ਼ਾਹ ਆਦਿ ਕਈ ਵਾਰ ਦੁਹਰਾਉਣਾ,

ਪਟਿਆਲਾ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਚ

*ਤੇਗ ਬਹਾਦਰ ਸਿਮਰਿਐ*
*ਘਰਿ ਨਉ ਨਿਧਿ ਆਵੈ ਧਾਇ ॥*

ਕਈ ਵਾਰ ਦੁਹਰਾਉਣਾ,

ਗੁਰੂ ਹਰਿ ਗੋਬਿੰਦ ਸਾਹਿਬ ਨਾਲ ਸਬੰਧਤ ਜਾਂ ਵੈਸੇ ਹੀ ਉਨਾਂ ਦੇ ਨਾਂ ਨਾ ਰਖੇ ਗੁਰਦੁਆਰੇ ਵਿਚ 'ਮੀਰੀ-ਪੀਰੀ ਦੇ ਮਾਲਕ' ਆਦਿ ਸ਼ਬਦਾਂ ਦਾ ਉਚੇਚੇ ਬਾਰ ਬਾਰ ਉਚਾਰਨ ਕਰਨਾ ਜਾਂ ਦੁਹਰਾਉਣਾ, ਉਹ ਵੀ ਪ੍ਰਤਖ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਉਨਾਂ ਦੇ ਸਾਹਮਣੇ, ਕੀ ਉਨਾਂ ਦੀ ਇਕ ਜੋਤ ਜਾਂ ਇਕ ਰੂਪ ਵਿਚ ਅੰਤਰ ਪ੍ਰਗਟਾਉਣ ਵਾਲੀ ਗਲ ਨਹੀਂ? ਵੀਚਾਰਨ ਯੋਗ ਗੱਲ ਹੈ।

## ਛੇਵੀਂ

ਜਦ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਪਾਤਸ਼ਾਹੀਆਂ ਦੀ ਜੋਤ ਅਤੇ ਜੁਗੋ-ਜੁਗ ਅੱਟਲ ਗੁਰੂ ਮੰਨਦੇ ਹਾਂ ਅਤੇ ਕਹਿੰਦੇ ਹਾਂ ਕਿ ਚਵਰ ਤਖਤ ਦੇ ਮਾਲਕ ਹੁਣ ਇਹੋ ਹਨ, ਤਾਂ ਦਸੋ ਇਨਾਂ ਦੀ ਹਜ਼ੂਰੀ ਵਿਚ ਕੋਈ ਹੋਰ ਵਿਅਕਤੀ ਪ੍ਰਧਾਨਗੀ ਕਰਨ ਦਾ ਅਧਿਕਾਰ ਕੀ ਰਖ ਸਕਦਾ ਹੈ? ਵਿਚਾਰਨ ਯੋਗ ਗਲ ਹੈ।

ਕਈ ਵਾਰ ਸੁਣਿਆ-ਵੇਖਿਆ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ-ਦਰਬਾਰ ਜਾਂ ਕਵੀ ਦਰਬਾਰ ਦੀ ਪ੍ਰਧਾਨਗੀ ਜਾਂ ਉਦਘਾਟਨ ਆਦਿ ਕਿਸੇ ਮਾਇਆਧਾਰੀ, ਨਾਮਧਰੀਕ ਆਗੂ-ਲੀਡਰ, ਕਿਸੇ ਮੰਤਰੀ-ਸੰਤਰੀ ਜਾ ਕਿਸੇ ਸੰਤ-ਬਾਬੇ ਪਾਸੋਂ ਕੀਤਾ-ਕਰਾਇਆ ਜਾਂਦਾ ਹੈ। ਕੀ ਇਹ ਠੀਕ ਹੈ?

ਸਾਨੂੰ ਇਹ ਕਦੀ ਨਹੀਂ ਭੁਲਣਾ ਚਾਹੀਦਾ ਕਿ ਗੁਰਮਤਿ ਸਬੰਧੀ ਕੋਈ ਸਮਾਗਮ, ਖਾਸ ਕਰਕੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਦੀ ਸਰਬ ਪਖੀ ਅਗਵਾਈ (ਪ੍ਰਧਾਨਗੀ) ਅਤੇ ਗੁਰਮਤਿ ਦੀ ਸੋਧ ਵਿਚ ਹੀ ਹੋਣਾ ਚਾਹੀਦਾ ਹੈ। ਜੇ ਕਿਧਰੇ ਵਧੇਰੇ ਸਪਸ਼ਟੀ ਕਰਨ ਦੀ ਲੋੜ ਪ੍ਰਤੀਤ ਹੁੰਦੀ ਹੋਵੇ ਤਾਂ ਗੁਰੂ ਪਾਤਸ਼ਾਹ ਦੀ ਤਾਬੇ ਪੰਜਾਂ ਪਿਆਰਿਆਂ ਤੋਂ ਅਗਵਾਈ ਲੈਣ ਦਾ ਵਿਧਾਨ ਹੈ।

ਮਾਇਆਧਾਰੀ ਜਾਂ ਚੌਧਰੀਆਂ ਨੂੰ ਖੁਸ਼ ਕਰਨ ਲਈ ਇਸ ਤਰ੍ਹਾਂ ਦੇ ਚੌਂਚਲੇ ਗੁਰਦੁਆਰਾ ਸਾਹਿਬ ਤੋਂ ਬਾਹਿਰ ਕਰ ਲੈਣੇ ਚਾਹੀਦੇ ਹਨ ਜਿਥੇ ਗੁਰੂ ਮਹਾਰਾਜ ਦਾ ਪ੍ਰਕਾਸ ਨ ਹੋਇਆ ਹੋਵੇ।

## ਸਤਵੀਂ

ਗੁਰਬਾਣੀ ਪੜਨ-ਸੁਣਨ ਵਾਲਿਆਂ ਨੂੰ ਪਤਾ ਹੀ ਹੈ ਕਿ ਸੁਖਮਨੀ ਸਾਹਿਬ ਦੇ 24 ਸਲੋਕ ਅਤੇ 24 ਅਸ਼ਟਪਦੀਆਂ ਹਨ। ਇਹ ਬਾਣੀ ਆਪਣੇ ਆਪ ਵਿਚ ਸੰਪੂਰਨ (ਮੁਕੰਮਲ) ਹੈ। ਪਰ ਬਹੁਤੀ ਥਾਈਂ ਇਸ ਪਾਠ ਦਾ ਭੋਗ ਇਸ ਬਾਣੀ ਦੀ ਸਮਾਪਤੀ ਉਪਰ ਪਾਉਣ ਦੀ ਥਾਂ ਇਸ ਤੋਂ ਅਗਲੀ ਬਾਣੀ ਦੇ ਦੋ ਸਲੋਕ ਅਤੇ ਦੋ ਪਉੜੀਆਂ ਪੜ੍ਹ ਕੇ ਪਾਇਆ ਜਾਂਦਾ ਹੈ ਵੇਖਿਆ ਸੁਣਿਆ ਜ਼ਾਂਦਾ ਹੈ।

ਕਾਰਨ ਪੁਛਣ ਤੇ ਕੋਈ ਵੀ ਤਸੱਲੀ-ਬਖਸ਼ ਉਤਰ ਨਹੀਂ ਦੇਂਦਾਂ। ਦੇਵੇ ਵੀ ਤਾਂ ਜੇ ਕਿਸੇ ਨੂੰ ਕੁਝ ਪਤਾ ਹੋਵੇ। ਦੇਖਾ ਦੇਖੀ, ਕਿ ਫਲਾਣੀ ਥਾਂ ਇਸੇ ਤਰਾਂ ਹੁੰਦਾ ਹੈ ਜਾਂ ਫਲਾਣੇ ਗੁਰਦੁਆਰੇ ਜਾਂ ਸਭ ਥਾਂ ਇਵੇਂ ਹੀ ਹੁੰਦਾ ਹੈ; ਸੁਣਕੇ, ਬਿਨਾਂ ਵਿਚਾਰੇ ਉਸ ਤਰਾਂ ਕਰੀ ਜਾਣ ਦਾ ਰਿਵਾਜ ਦਿਨੋ ਦਿਨ ਹੀ ਵਧਦਾ ਜਾ ਰਿਹਾ ਹੈ।

ਪਾਠਕਾਂ ਦੀ ਜਾਣਕਾਰੀ ਲਈ ਦਸਣਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪ੍ਰੋਕਤ ਦੋਵੇਂ ਬਾਣੀਆਂ (ਸੁਖਮਨੀ ਸਾਹਿਬ ਅਤੇ ('ਥਿਤੀ')) ਗਉੜੀ ਰਾਗ ਵਿਚ ਦਰਜ ਹਨ ਅਤੇ ਇਹ ਆਪੋ ਆਪਣੀ ਥਾਂ ਸੰਪੂਰਨ ਬਾਣੀਆਂ ਹਨ, ਜਿਨਾਂ ਦਾ ਆਪਸ ਵਿਚ ਕੋਈ ਸਬੰਧ ਨਹੀਂ। ਜਿਸ ਤਰਾਂ ਸੁਖਮਨੀ ਸ਼ਾਹਿਬ ਦੇ 24

ਸਲੋਕ ਅਤੇ 24 ਅਸ਼ਟਪਦੀਆਂ ਹਨ ਉਸੇ ਤਰ੍ਹਾਂ 'ਥਿਤੀ' ਬਾਣੀ ਦੇ 17 ਸਲੋਕ ਅਤੇ 17 ਪਉੜੀਆਂ ਹਨ। ਜਦ ਇਹ ਦੋਵੇ ਬਾਣੀਆਂ ਆਪੋ ਆਪਣੀ ਥਾਂ ਮੁਕੰਮਲ ਬਾਣੀਆਂ ਹਨ ਅਤੇ ਇਨਾ ਦਾ ਆਪਸ ਵਿਚ ਕੋਈ ਸਬੰਧ ਹੀ ਨਹੀਂ ਤਾਂ ਫਿਰ ਸੁਖਮਨੀ ਸਾਹਿਬ ਦਾ ਭੋਗ ਇਸ ਦੀ ਸਮਾਪਤੀ ਉਪਰ ਕਿਉ ਨਹੀ ਪਾਇਆ ਜਾਂਦਾ? ਅਗਲੀ ਬਾਣੀ 'ਥਿਤੀ' ਦੇ ਦੋ ਸਲੋਕ ਅਤੇ ਦੋ ਪਉੜੀਆਂ ਪੜ੍ਹ ਕੇ ਕਿਉ ਪਾਇਆ ਜਾਂਦਾ ਹੈ? ਜਦ ਕਿ ਇਸ ਤਰਾਂ ਕਰਨ ਦਾ ਆਦੇਸ਼ ਜਾਂ ਮਰਿਜਾਦਾ ਗੁਰੂ ਸਾਹਿਬ ਦੇ ਸਮੇਂ ਜਾਂ ਉਨਾ ਤੋਂ ਮਗਰੋਂ ਕਿਧਰੇ ਲਿਖਤ ਰੂਪ ਵਿਚ ਨਹੀਂ ਮਿਲਦੀ। ਬਿਨਾ ਸੋਚੇ, ਬਿਨਾਂ ਵਿਚਾਰੇ, ਦੇਖਾ ਦੇਖੀ ਕਰਨ ਲਗ ਜਾਣਾ ਕੀ ਮਨਮਤ ਨਹੀਂ? ਵੀਚਾਰਨ ਯੋਗ ਗਲ ਹੈ।

'ਸਿਖ ਰਹਿਤ ਮਰਯਾਦਾ ਅਨੁਸਾਰ ਜਦ ਆਦੇਸ ਹੈ ਕਿ ਅਖੰਡ ਪਾਠ ਦੀ ਸਮਾਪਤੀ ਸਥਾਨਕ ਰੀਤੀ ਅਨੁਸਾਰ 'ਮੁੰਦਾਵਣੀ' ਜਾਂ ਰਾਗਮਾਲਾ ਪੜ ਕੇ ਕੀਤੀ ਜਾਏ ਤਾਂ ਕਈ ਥਾਂ ਰਾਗਮਾਲਾ ਪੜ੍ਹ ਕੇ ਫਿਰ ਜਪੁਜੀ ਸਾਹਿਬ ਪੂਰਾ ਜਾਂ ਪੰਜ ਪਉੜੀਆਂ ਪੜ੍ਹ ਕੇ ਸਮਾਪਤੀ ਕਰਨ ਦੀ ਮਨਮਤ ਪਤਾ ਨਹੀਂ ਕਿਉ ਕੀਤੀ ਜਾਂਦੀ ਹੈ।

## ਅਠਵੀਂ

ਅਠਵੀਂ ਵੀਚਾਰਨ ਯੋਗ ਗਲ ਇਹ ਹੈ ਕਿ ਅਸੀਂ ਇਹ ਭੁਲਦੇ ਕਿਉਂ ਜਾ ਰਹੇ ਹਾਂ ਕਿ ਅਸੀਂ ਉਸ ਖਾਲਸਾ ਪਰਵਾਰ ਦੇ ਮੈਂਬਰ ਹਾਂ ਜਿਸ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699 ਦੀ ਵੈਸਾਖੀ ਨੂੰ ਕੀਤੀ ਸੀ?

ਖਾਲਸਾ ਸਾਜਨ ਵੇਲੇ ਗੁਰੂ ਪਾਤਸ਼ਾਹ ਨੇ ਸਿਖਾਂ ਪਾਸੋਂ ਇਹ ਪੰਜ ਪ੍ਰਣ ਲਏ ਸਨ ਕਿ ਅਜ ਤੋਂ ਤੁਹਾਡਾ :-

1. **ਧਰਮ ਨਾਸ਼**—ਭਾਵ ਖਾਲਸਾ ਧਰਮ ਧਾਰਨ ਕਰਨ, ਅਰਥਾਤ

ਅੰਮ੍ਰਿਤ ਛਕਣ ਸਮੇਂ ਤੋਂ ਪਹਿਲੇ ਦਾ (ਪਿਛਲਾ) ਧਰਮ ਨਾਲੋਂ ਆਪਣਾ ਨਾਤਾ (ਰਿਸ਼ਤਾ) ਤੋੜਨਾ।

2. ਕਰਮ ਨਾਸ਼–ਪੁਰਾਣੇ ਕੀਤੇ ਕਰਮ, ਜਿਨਾਂ ਕਰਕੇ ਹਿੰਦੂ ਵਿਸ਼ਵਾਸ਼ ਅਨੁਸਾਰ ਉਸ ਦਾ ਕਿਸੇ ਵਿਸ਼ੇਸ਼ ਜਾਤੀ ਵਿਚ ਜਨਮ ਹੋਇਆ ਸੀ, ਨੂੰ ਭੁਲ ਜਾਣਾ।

3. ਕੁਲ ਨਾਸ਼–ਆਪਣੀ ਪਿਛਲੀ ਕੁਲ ਨਾਲੋਂ ਸਬੰਧ ਤੋੜ ਲੈਣਾ। ਅਰਥਾਤ ਬ੍ਰਾਹਮਣ, ਖਤਰੀ, ਅਰੋੜਾ, ਜਟ, ਤਰਖਾਣ ਆਦਿ ਜਾਤਾਂ-ਗੋਤਾਂ ਨਾਲੋਂ ਟੁਟ ਜਾਣਾ।

4. ਸਰਮ ਨਾਸ਼–ਜਿਵੇਂ ਸ਼ਾਸਤਰ ਨੇ ਵਖੋ ਵਖ ਜਾਤੀਆਂ ਲਈ ਵਖੋ ਵਖ ਕੰਮ ਕਰਨੇ ਨੀਯਤ ਕੀਤੇ ਹਨ ਅਤੇ ਉਸ ਤੋਂ ਬਗੈਰ ਕਿਸੇ ਹੋਰ ਕੰਮ ਕਰਨ ਦੀ ਪਾਬੰਦੀ ਲਾਈ ਸੀ, ਉਸ ਦਾ ਵੀ ਖਾਤਮਾ ਕਰਨਾ।

5. ਭਰਮ ਨਾਸ਼–ਬੇਅੰਤ ਕਿਸਮ ਦੀਆਂ ਪ੍ਰਚਲਤ ਫਜ਼ੂਲ ਰੀਤਾਂ-ਰਸਮਾਂ ਦੇ ਭਰਮਾਂ ਦਾ ਤਿਆਗਣਾ।

*'ਗੁਰ ਸੰਗਤ ਕੀਨੀ ਖਾਲਸਾ*

ਅਨੁਸਾਰ ਗੁਰੂ ਪਾਤਸ਼ਾਹ ਨੇ ਆਪਣੀ ਸਿਖ ਸੰਗਤ ਨੂੰ ਖਾਲਸਾ ਰੂਪ ਦੇਣ ਸਮੇਂ ਇਹ ਉਪਰਲੇ ਪੰਜ ਪ੍ਰਣ ਲਏ ਸਨ।

ਬ੍ਰਾਹਮਣੀ ਵਿਸ਼ਵਾਸ਼ ਦੀ ਬੁਨਿਆਦ, ਮਨੁਖ ਜਾਤੀ ਦਾ ਜਿਥੇ ਇਕ ਨ ਹੋਣਾ ਹੈ, ਉਥੇ ਵਖ ਵਖ ਜਾਤੀਆਂ ਦੇ ਪੂਜਨ ਯੋਗ ਦੇਵੀ-ਦੇਵਤਿਆਂ ਅਤੇ ਉਨਾਂ ਦੇ ਦੇਵ-ਮੰਦਰਾਂ ਦਾ ਵੀ ਵਖਰਾ ਹੋਣਾ ਹੈ। ਪਰ ਇਧਰ ਗੁਰੂ ਮਹਾਰਾਜ ਇਸ ਦੇ ਬਿਲਕੁਲ ਉਲਟ ਫੁਰਮਾਉਂਦੇ ਹਨ;

*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ*
*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ*

ਗੁਰੂ ਪਾਤਸ਼ਾਹ ਨੇ ਖਾਲਸਾ ਸਾਜਨ ਵੇਲੇ ਸਿੱਖਾਂ ਤੋਂ ਧਰਮ ਨਾਸ਼, ਕਰਮ-ਕੁਲ ਨਾਸ਼, ਸਰਮ ਅਤੇ ਭਰਮ ਨਾਸ਼ ਦਾ ਪ੍ਰਣ ਲੈ

ਕੇ ਜਿਥੇ ਉਨ੍ਹਾਂ ਦੇ ਪਿਛਲੇ ਵਿਸਵਾਸ਼ਾਂ ਨੂੰ ਮੁਢ ਤੋਂ ਹੀ ਖਤਮ ਕਰ ਦਿਤਾ ਉਥੇ :–

"ਸਤਿਗੁਰ ਕੇ ਜਨਮੈ ਗਵਨ ਮਿਟਾਇਆ" ਅਨੁਸਾਰ ਉਨਾਂ ਅੰਦਰ ਗੁਰੂ ਘਰ ਵਿਚ ਨਵਾਂ ਜਨਮ ਹੋਣ ਦੀ ਦ੍ਰਿੜਤਾ ਵੀ ਪੈਦਾ ਕੀਤੀ।

ਗੁਰੂ ਪਾਤਸ਼ਾਹ ਦੀ ਜ਼ਾਤ-ਪਾਤ ਦੀ ਵੰਡ ਦੇ ਵਿਰੁਧ ਇਤਨਾ ਠੋਸ (ਨਿੱਗਰ) ਅਤੇ ਮਹੱਤਵ ਪੂਰਨ ਕਦਮ ਚੁਕਣ ਦੇ ਪਿਛੇ ਪਹਿਲੇ ਗੁਰੂ ਪਾਤਸ਼ਾਹਾਂ ਦੇ ਕਹੇ ਹੋਏ ਬਚਨਾਂ :–

ਅਤੇ– *ਜਾਤ ਕਾ ਗਰਬ ਨ ਕਰ ਮੂਰਖ ਗਵਾਰਾ*

ਅਤੇ– *ਫਕੜ ਜਾਤੀ ਫਕੜ ਨਾਉ*

*ਸਭਨਾ ਜੀਆਂ ਇਕਾ ਛਾਉਂ ॥*

ਅਨੁਸਾਰ ਹੀ ਸੀ ਅਤੇ ਲੋਕਾਂ ਅੰਦਰ ਆਪਸੀ ਮਤ-ਭੇਦ ਅਤੇ ਘ੍ਰਿਣਾ ਜੋ ਕਿ ਬਹੁਤੀ ਜਾਤ–ਅਭਿਮਾਨ ਕਰ ਕੇ ਹੀ ਪੈਦਾ ਹੁੰਦੀ ਸੀ, ਨੂੰ ਮੂਲੋਂ ਹੀ ਹਮੇਸ਼ਾਂ ਲਈ ਦੂਰ ਕਰਨਾ ਸੀ।

ਇਹੋ ਕਾਰਨ ਹੈ ਕਿ 1699 ਦੀ ਵੈਸਾਖੀ (ਖਾਲਸਾ ਸਾਜਨ) ਸਮੇਂ ਤੋਂ 1850 ਈ. (ਸਿਖ ਰਾਜ ਦੇ ਖਾਤਮੇ ਤਕ) ਇਤਿਹਾਸ ਵਿਚ ਕੋਈ ਐਸੀ ਉਦਾਹਰਨ ਨਹੀਂ ਮਿਲਦੀ ਦਿਸਦੀ ਜਿਸ ਤੋਂ ਪਤਾ ਲਗੇ ਕਿ ਸਿੰਘ ਇਕ ਦੂਜੇ ਨੂੰ ਜਾਤ ਗੋਤ ਦੇ ਨਾਂ ਨਾਲ ਬੁਲਾਉਂਦੇ ਹੁੰਦੇ ਸਨ।

ਹਾਂ-ਅਠ੍ਹਾਰਵੀਂ ਸਦੀ ਵਿਚ ਸਿਖ ਕੌਮ ਦੇ ਦੋ ਪ੍ਰਮੁੱਖ ਆਗੂ ਸ. ਜੱਸਾ ਸਿੰਘ ਆਹਲੂਵਾਲ ਪਿੰਡ ਦੇ ਅਤੇ ਸ: ਜਸਾ ਸਿੰਘ ਰਾਮਗੜ੍ਹ ਪਿੰਡ ਦੇ ਜੰਮਪਲ ਇਕੋ ਸਮੇਂ ਹੋਣ ਕਾਰਨ, ਉਨ੍ਹਾਂ ਦੇ ਨਾਵਾਂ ਨੂੰ ਨਿਖੇੜਨ ਲਈ ਇਕ ਨਾਂ ਸ. ਜੱਸਾ ਸਿੰਘ ਆਹਲੂਵਾਲੀਆ ਅਤੇ ਦੂਜੇ ਦਾ ਨਾਂ ਸ. ਜੱਸਾ ਸਿੰਘ ਰਾਮਗੜ੍ਹੀਆ ਕਿਹਾ ਜਾਂਦਾ ਸੀ। (ਰਾਮਗੜ੍ਹ ਦੇ ਸ. ਜਸਾ ਸਿੰਘ ਪਿਛੋਂ ਤਰਖਾਣ ਅਤੇ ਆਹਲੂਵਾਲ ਦੇ ਸ. ਜਸਾ ਸਿੰਘ ਪਿਛੋਂ ਕਲਾਲ ਹੋਣ ਕਾਰਨ ਇਨ੍ਹਾਂ ਮਗਰੋਂ ਸਾਰੇ ਕਲਾਲ-

ਆਹਲੂਵਾਲੀਏ, ਅਤੇ ਲਗਭਗ ਸਾਰੇ ਤਰਖਾਣ ਰਾਮਗੜ੍ਹੀਏ ਅਖਵਾਉਣ ਲਗ ਪਏ ਜਦ ਕਿ ਇਹ ਦੋਵੇਂ ਜਾਤਾਂ ਜਾਂ ਗੋਤਾ ਨਹੀਂ ਸਨ।)

ਸਾਡੇ ਵਿਚ ਆਪਣੇ ਨਾਵਾਂ ਨਾਲ ਜਾਤ-ਗੋਤ ਲਿਖਣ ਦਾ ਜਾਂ ਸੱਦਣ ਦਾ ਰਿਵਾਜ ਜ਼ਿਆਦਾਤਰ ਦੇਸ਼ ਦੀ ਵੰਡ (1947) ਮਗਰੋਂ ਹੀ ਪਿਆ। ਪਹਿਲਾਂ ਇਸ ਦੀ ਹੋਂਦ ਕਿਧਰੇ ਕਿਧਰੇ ਘਟ ਹੀ ਵੇਖਣ ਵਿਚ ਆਉਂਦੀ ਸੀ। ਪਰ ਹਿੰਦੂਆਂ ਵਿਚ ਜਾਤੀ ਵੰਡ ਜਿਥੇ ਆਦਿ ਕਾਲ ਤੋਂ ਚਲੀ ਆ ਰਹੀ ਹੈ ਉਥੇ ਉਨ੍ਹਾਂ ਵਿਚ ਉਚ ਜਾਤੀਆਂ ਵਿਚ ਜਾਤ-ਘੁਮੰਡ ਦੀ ਪਕੜ ਵੀ ਬਹੁਤ ਸੀ ਅਤੇ ਪਹਿਲਾਂ ਤੋਂ ਹੀ ਚਲੀ ਆ ਰਹੀ ਸੀ।

ਦੇਸ਼ ਦੀ ਵੰਡ ਮਗਰੋਂ ਇਨਾਂ ਦੀ ਭਾਰਤ ਵਿਚ ਗਿਣਤੀ 82 ਪ੍ਰਤੀਸ਼ਤ ਹੋ ਜਾਣ ਕਾਰਨ ਅਤੇ ਰਾਜ-ਭਾਗ ਵਿਚ ਵੀ ਅਧਿਕ ਗਿਣਤੀ ਅਤੇ ਰਾਜ-ਮਦ ਦਾ ਅਸਰ-ਪ੍ਰਭਾਵ ਜਿਥੇ ਸਾਡੇ ਸਿਖਾਂ ਉੱਤੇ ਪੈਣੀ ਮੁਸ਼ਕਲ ਨਹੀਂ ਸੀ ਉਥੇ ਸਾਨੂੰ ਕਮਜ਼ੋਰ ਕਰਨ ਲਈ ਜਾਤ ਬਰਾਦਰੀ ਵੰਡ ਨੂੰ ਮਹੱਤਤਾ ਦੇਣ ਕਾਰਨ, ਸਾਡੇ ਖਾਲਸਾ ਪਰਵਾਰ ਦੀ ਹੋਂਦ ਦੀ ਪ੍ਰਪਕਤਾ ਵਿਚ ਫਰਕ ਪੈਣਾ ਸ਼ੁਰੂ ਹੋ ਗਿਆ! ਜਿਸ ਦੇ ਸਿੱਟੇ ਵਜੋਂ ਸਿਖ ਨੇ 'ਖਾਲਸਾ' ਰਹਿਣ ਦੀ ਬਜਾਏ ਪਹਿਲਾਂ ਜੱਟ, ਖਤਰੀ, ਰਾਮਗੜ੍ਹੀਏ, ਰਵਦਾਸੀਏ, ਰੰਗਰੇਟੇ, ਆਹਲੂਵਾਲੀਏ, ਸੈਣੀ, ਕੋਹਲੀ ਆਦਿ ਭਾਂਤ-ਭਾਂਤ ਦੀਆਂ ਜਾਤ ਬ੍ਰਾਦਰੀਆਂ ਵਿਚ ਵੰਡੇ ਜਾਣ ਲਗ ਪਏ।

ਇਥੇ ਹੀ ਬਸ ਨਹੀਂ, ਹਰ ਇਕ ਨੇ ਪਹਿਲੋਂ ਆਪਣਾ ਗੁਰਦੁਆਰਾ ਕਾਇਮ ਕੀਤਾ ਫਿਰ ਆਪੋ ਆਪਣੀਆਂ ਜਾਤ-ਬ੍ਰਾਦਰੀਆਂ ਦੇ ਨਾਵਾਂ ਉਤੇ ਆਸ਼ਰਮ-ਭਵਨ-ਸਕੂਲ-ਕਾਲਜ ਅਤੇ ਕਾਲੋਨੀਆ ਆਦਿ ਕਾਇਮ ਕਰਨ ਲਗ ਪਏ ਅਤੇ ਕਰ ਰਹੇ ਹਨ।

ਅਸੀਂ ਭੁਲਦੇ ਹੀ ਜਾ ਰਹੇ ਹਾਂ ਕਿ ਗੁਰੂ ਪਾਤਸ਼ਾਹ ਨੇ ਖਾਲਸਾ ਸਾਜਨ ਸਮੇਂ ਸਾਨੂੰ ਜਿਥੇ ਪਿਛਲੀ ਧਰਮ ਨਾਸ, ਕਰਮ-ਕੁਲ, ਕਿਰਤ ਅਤੇ ਭਰਮ ਨਾਸ਼ ਕਰ ਦੇਣ ਦਾ ਹੁਕਮ ਕਰ ਦਿਤਾ

ਸੀ ਉਥੇ ਉਨਾਂ ਨੇ ਸਾਨੂੰ ਜਾਤ-ਬ੍ਰਾਦਰੀਆਂ ਦੇ ਵਖਰੇਵਿਆਂ ਨੂੰ ਭੁਲਾ ਕੇ "ਵਾਹਿਗੁਰੂ ਜੀ ਕਾ ਖਾਲਸਾ" ਅਤੇ "ਖਾਲਸਾ ਅਕਾਲ ਪੁਰਖ ਦੀ ਫੌਜ" ਹੋਣ ਦਾ ਮਾਣ ਦਿਤਾ ਸੀ।

ਉਨ੍ਹਾਂ ਸਾਨੂੰ ਇਹ ਵੀ ਤਾਕੀਦ ਕੀਤੀ ਸੀ ਕਿ ਜਦੋਂ ਇਕ ਸਿੰਘ ਦੂਜੇ ਸਿੰਘ ਨੂੰ ਮਿਲੇ ਤਾਂ ਉਹ "ਵਾਹਿਗੁਰੂ ਜੀ ਕਾ ਖਾਲਸਾ" ਹੋਣ ਦੀ ਇਕ ਦੂਜੇ ਨੂੰ ਚਿਤਾਵਨੀ ਦੇਵੇ-ਪਰ ਅਫਸੋਸ! ਅਜ ਇਹ ਸਭ ਕੁਝ ਅਸੀਂ ਭੁਲਦੇ ਹੀ ਜਾ ਰਹੇ ਹਾਂ।

ਗੁਰੂ ਪਾਤਸ਼ਾਹ ਨੇ

"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ" ਵਾਲੀ ਅਵਸਥਾ ਵਿਚੋਂ ਕਢ ਕੇ ਸਾਨੂੰ ਆਪਣਾ ਪਰਵਾਰ–

*ਖਾਲਸਾ ਮੇਰੋ ਸਕਲ ਪਰਵਾਰਾ*

ਕਹਿ ਕੇ ਨਿਵਾਜਿਆ ਸੀ। ਪਰ ਅਜ ਅਸੀਂ ਗੁਰੂ ਪਰਵਾਰ ਤੋਂ ਨਿਕਲ ਕੇ ਮੁੜ ਜਾਤ-ਗੋਤ ਦੇ ਪਰਵਾਰਾਂ ਵਿਚ ਦਾਖਲ ਹੋਣ ਵਿਚ ਜ਼ਰਾ ਸ਼ਰਮ ਮਹਿਸੂਸ ਨਹੀਂ ਕਰ ਰਹੇ।

ਇਕ ਦੂਜੇ ਨੂੰ ਬੁਲਾਉਣ ਸਮੇਂ ਜਾਤੀ-ਗੋਤੀ ਨਾਮ ਦੀ ਵਰਤੋਂ ਕਰਨ ਦੀ ਰੀਸ ਕਰਨ ਦੀ ਪਹਿਲ ਸਿਖ ਮੁਲਾਜ਼ਮਾਂ ਤੋਂ ਹੋਇਆ ਜਾਪਦਾ ਹੈ ਜਿਨ੍ਹਾਂ ਦੀ ਰਹਿਣੀ-ਬਹਿਣੀ ਅਤੇ ਵਰਤੋਂ ਵਿਹਾਰ ਬਹੁ-ਗਿਣਤੀ ਹਿੰਦੂ ਮੁਲਾਜ਼ਮਾਂ ਨਾਲ ਸੀ ਅਤੇ ਜੋ ਜਾਤੀ-ਨਾਮ ਆਪਸ ਵਿਚ ਆਮ ਵਰਤਦੇ ਸਨ। ਫਿਰ ਇਨ੍ਹਾਂ ਦੀ ਦੇਖਾ-ਦੇਖੀ ਹਰ ਪੜ੍ਹਿਆ-ਅਨਪੜ੍ਹਿਆ, ਗੁਰੂ ਸਾਹਿਬ ਦੇ ਕਥਨ ਅਨੁਸਾਰ।

*ਦੇਖਾ ਦੇਖੀ ਸਭ ਕਰੈ*

*ਮਨਮੁਖ ਬੂਝ ਨ ਪਾਇ*

ਬਿਨਾਂ ਸੋਚੇ, ਬਿਨਾਂ ਵਿਚਾਰੇ ਮਗਰ ਲਗੀ ਜਾ ਰਿਹਾ ਹੈ। ਸਾਨੂੰ ਚੇਤੇ ਹੀ ਨਹੀਂ ਰਿਹਾ ਪ੍ਰਤੀਤ ਹੁੰਦਾ ਕਿ ਖਾਲਸਾ ਅਤੇ ਜਾਤ ਕੁਲ ਦੇ ਸਵੈ-ਵਿਰੋਧੀ ਗੱਲਾਂ ਹਨ। ਇਹ ਦੋਵੇਂ ਇਕਠੀਆਂ

ਨਹੀਂ ਚਲ ਸਕਦੀਆਂ। ਜੇ ਅਸੀਂ ਬੇਦੀ, ਸੋਢੀ, ਕੋਹਲੀ, ਢਿਲੋਂ ਜਾਂ ਗਰੇਵਾਲ ਹਾਂ ਤਾਂ ਇਸ ਦਾ ਮਤਲਬ ਅਸੀਂ ਖਾਲਸਾ ਨਹੀਂ।

ਸਾਨੂੰ ਫੈਸਲਾ ਕਰਨਾ ਪਵੇਗਾ ਕਿ ਅਸੀਂ ਗੁਰੂ ਸਾਹਿਬ ਦੇ ਖਾਲਸਾ ਪਰਵਾਰ ਦਾ ਮੈਂਬਰ ਰਹਿਣਾ ਹੈ ਜਾਂ ਕਿਸੀ ਜਾਤ ਬ੍ਰਾਦਰੀ ਦਾ ਮੈਂਬਰ? ਜੇ ਅਸੀਂ ਦੋਵੇਂ ਪਾਸੇ ਰਖਣੇ ਹਨ ਤਾਂ ਫਿਰ ਸਾਡੀ ਦਸ਼ਾ ਗੁਰੂ ਪਾਤਸ਼ਾਹ ਦੇ ਫੁਰਮਾਨ "ਮਨਮੁਖ ਬੂਝ ਨ ਪਾਇ" ਵਾਲੀ ਹੋਵੇਗੀ।

ਜਾਤੀ-ਨਾਮ ਨਿਰੋਲ 'ਬਿਪਰਨ ਕੀ ਰੀਤ' ਹੈ ਜਿਸ ਨੂੰ ਅਪਨਾਉਣ ਨਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਭਰੋਸਾ ਗਵਾ ਲਵਾਂਗੇ। ਕਿਉਂਕਿ ਗੁਰੂ ਪਾਤਸ਼ਾਹ ਨੇ ਸਪਸ਼ਟ ਕਿਹਾ ਹੈ।

*ਜਬ ਇਹ ਗਹੈ ਬਿਪਰਨ ਕੀ ਰੀਤ*<br>
*ਮੈਂ ਨ ਕਰਉ ਇਨ ਕੀ ਪ੍ਰਤੀਤ*

ਇਸ ਲਈ ਮੇਰੇ ਸਿੱਖ ਵੀਰੋ! ਜ਼ਰਾ ਸੋਚੋ!! ਇਹ ਜਾਤ-ਬ੍ਰਾਦਰੀ ਦੀਆਂ ਵੰਡੀਆਂ ਕੀ ਸਾਡੇ ਵਿਚ ਹਉਮੈਂ ਨੂੰ ਨਹੀਂ ਵਧਾ ਰਹੀਆਂ? ਕੀ ਇਹ ਸਾਡੇ ਖਾਲਸਈ ਮਹਿਲ ਨੂੰ ਜਰਜਰਾ ਨਹੀਂ ਕਰ ਰਹੀਆਂ?

ਜਿਸ ਸਿਖੀ ਮਹਿਲ ਦੀ ਉਸਾਰੀ ਵਿਚ ਗੁਰੂ ਪਾਤਸ਼ਾਹ ਦੇ ਸਾਹਿਬਜ਼ਾਦੇ ਅਤੇ ਬੇਅੰਤ ਸਿੰਘ ਸਿੰਘਣੀਆਂ ਦੇ ਲਹੂ ਨੇ ਮਿਲ ਕੇ ਗਾਰੇ ਦਾ ਕੰਮ ਕੀਤਾ ਹੋਵੇ ਅਤੇ ਜਿਸ ਦੀ ਮੁਕੰਮਲਤਾ ਵਿਚ ਬੇਅੰਤ ਸਿਖ ਬਚੇ ਬਚੀਆਂ ਨੇ ਆਪਣੀਆਂ ਜਾਣਾਂ ਕੁਰਬਾਨ ਕੀਤੀਆਂ ਹੋਣ, ਉਸ ਮਹਿਲ ਨੂੰ ਜਰਜਰਾ ਕਰਨ ਦੇ ਭਾਗੀ ਬਣਨ 'ਚ ਕੀ ਸਾਨੂੰ ਸ਼ਰਮ ਮਹਿਸੂਸ ਨਹੀਂ ਹੋਣੀ ਚਾਹੀਦੀ?

ਗੁਰੂ ਪਾਤਸ਼ਾਹ ਨੇ ਜੱਟਾਂ, ਖਤਰੀਆਂ, ਨਾਈਆਂ, ਛੀਂਬਿਆਂ

ਅਤੇ ਹੋਰ ਸਭ ਤਰ੍ਹਾਂ ਦੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਇਕੋ ਰੂਪ, ਇਕੋ ਰਹਿਣੀ-ਬਹਿਣੀ ਅਤੇ ਇਕੋ ਤਰ੍ਹਾਂ ਦਾ ਨਾਮ ਦੇ ਕੇ ਸਾਨੂੰ ਖਾਲਸਾ ਅਤੇ ਆਪਣਾ ਪਰ੍ਵਾਰ ਕਿਹਾ ਸੀ। ਅਤੇ ਇਸ ਖਾਲਸਾ ਪਰਵਾਰ ਉਤੋਂ ਆਪਣੇ ਪਰਵਾਰ ਦੇ ਚਾਰੇ ਪੁਤਰ, ਪਿਤਾ-ਮਾਤਾ ਆਦਿ ਸਭ ਕੁਰਬਾਨ ਕਰਵਾ ਦਿਤੇ ਸਨ। ਪਰ ਅਜ ਅਸੀਂ ਗੁਰੂ ਪਰਵਾਰ ਤੋਂ ਬਾਹਿਰ ਨਿਕਲ ਕੇ ਮੁੜ ਜਾਤ ਬ੍ਰਾਦਰੀਆਂ ਦੀਆਂ ਵੰਡੀਆਂ ਵਿਚ ਪੈ ਕੇ, ਕੀ ਗੁਰੂ ਤੋਂ ਬੇ-ਮੁਖ ਨਹੀਂ ਹੋ ਰਹੇ।

ਇਸ ਤਰ੍ਹਾਂ ਜਾਤ-ਗੋਤ-ਬ੍ਰਾਦਰੀ ਦੇ ਚਕਰਾਂ ਵਿਚ ਪੈਣਾ, ਗੁਰੂ ਪਾਤਸਾਹ ਦੀਆਂ ਕੁਰਬਾਨੀਆਂ ਤੇ ਉਪਕਾਰਾਂ ਨੂੰ ਭੁਲਾਉਣਾ ਕੀ ਅਕ੍ਰਿਤਘਣ ਬਣਨ ਵਾਲੀ ਗਲ ਨਹੀਂ?

ਜ਼ਰਾ ਨਿਰਪਖ ਹੋ ਕੇ ਵੀਚਾਰਨ ਵਾਲੀ ਗਲ ਹੈ।

ਨੋਟ :- ਇਹ ਅਤੇ ਇਸ ਤਰਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ ਪ੍ਰਚਾਰ ਹਿਤ ਫਰੀ ਵੰਡਣ ਦਾ ਸ਼ੌਕ ਰਖਣ ਵਾਲੇ ਪੰਜਾਬੀ ਲਿਪੀ ਵਿਚ 40/- ਰੁ: ਸੈਂਕੜਾ ਸ: ਦੀਦਾਰ ਸਿੰਘ C-129 ਵਿਕਾਸ ਕਾਲੋਨੀ ਪਟਿਆਲਾ 147001 ਅਤੇ ਹਿੰਦੀ ਲਿਪੀ ਵਿੱਚ ਸ: ਹਰਜੋਤ ਸ਼ਾਹ ਸਿੰਘ। 19/42 A ਤਿਲਕ ਨਗਰ ਨਵੀਂ ਦਿਲੀ-18 ਤੋਂ 50/- ਰੁ: ਸੈਂਕੜਾ ਦੇ ਹਿਸਾਬ ਨਾਲ ਮੰਗਵਾ ਸਕਦੇ ਹਨ।

**ਪ੍ਰਾਰਥਕ!**